ਜਮਾ ਕਰਤਾ :-
ਗੁਰਵਿੰਦਰ ਕੌਰ
ਪੰਜਾਬੀ ਵਿਭਾਗ
ਸਰਕਾਰੀ ਕਾਲਜ ਲੜਕੀਆਂ,
ਲੁਧਿਆਣਾ

# ਪ੍ਰੋ. ਮੋਹਨ ਸਿੰਘ



20-10-1905 ਤੋਂ 3-05-1978

- ਪੰਜਾਬੀ ਕਵਿਤਾ ਦੀ ਗੱਲ ਕਰਦਿਆ ਸਾਡੀਆ ਅੱਖਾ ਸਾਹਮਣੇ ਜਿਹੜੀ **ਮਹਾਨ ਸ਼ਖਸੀਅਤ** ਉਭਰ ਕੇ ਆਓਦੀ ਹੈ, ਉਹ ਹੈ ਮੋਹਨ ਸਿੰਘ!!
ਉਸ ਅੰਦਰ ਕਵਿਤਾ ਹੜ ਬਣ ਕੇ ਆਉਦੀ ਹੈ ਅਤੇ ਭਾਵਾਂ ਦਾ ਉਬਾਲ ਵੱਗਦੇ ਪਾਣੀ ਵਾਂਗ ਹੈ!!



# ਜੀਵਨ

ਪ੍ਰੋ. ਮੋਹਨ ਸਿੰਘ ਦਾ ਜਨਮ *20 ਅਕਤੂਬਰ,1905* ਈ. ਵਿੱਚ ਮਾਤਾ *ਭਗਵੰਤੀ* ਅਤੇ ਪਿਤਾ *ਜੋਧ ਸਿੰਘ* ਦੇ ਘਰ *ਮਰਦਾਨ* (ਹੁਣ ਪਾਕਿਸਤਾਨ) ਵਿਖੇ ਹੋਇਆ ।ਪ੍ਰੋ. ਮੋਹਨ ਸਿੰਘ ਨੇ ਆਪਣੇ ਮੁੱਢਲੇ ਵਰ੍ਹੇ ਆਪਣੇ ਜੱਦੀ ਪਿੰਡ ***ਧਮੀਆਲ (ਰਾਵਲਪਿੰਡੀ)*** ਵਿਖੇ ਬਤੀਤ ਕੀਤੇ।








# ਓਰੀਐਂਟਲ ਕਾਲਜ ਲਾਹੌਰ



- ਉਨਾਂ ਦਾ ਵਿਆਹ ਬਸੰਤ ਕੌਰ ਨਾਲ ਹੋਇਆ ਅਤੇ ਫਿਰ ਉਸਦੇ ਗੁਜ਼ਰਨ ਦੇ ਬਾਅਦ *1929* ਈ.ਵਿੱਚ ਉਹਨਾਂ ਨੇ ***ਸੁਰਜੀਤ ਕੌਰ*** ਨਾਲ ਵਿਆਹ ਕਰਵਾ ਲਿਆ। ਉਸ ਵਕਤ ਉਹਨਾਂ ਨੇ "***ਮੁਨਸ਼ੀ- ਫਜ਼ਲ***" ਦੀ ਪਰੀਖਿਆ ਪਾਸ ਕਰ ਲਈ। ਫਿਰ ਉਹਨਾਂ ਨੇ ***ਓਰੀਐਂਟਲ ਕਾਲਜ*** ਲਾਹੌਰ ਤੋਂ ਫਾਰਸੀ ਭਾਸ਼ਾ ਵਿੱਚ ***ਐਮ. ਏ.*** ਦੀ ਡਿਗਰੀ ਪ੍ਰਾਪਤ ਕੀਤੀ।






- ਉਹ ਇੱਕ ਹਾਈ ਸਕੂਲ ਵਿੱਚ ਉਰਦੂ- ਫ਼ਾਰਸੀ ਦੇ ਅਧਿਆਪਕ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ *- 1933-1939* ਤੱਕ ***ਖਾਲਸਾ ਕਾਲਜ ਅੰਮ੍ਰਿਤਸਰ*** ਵਿੱਚ ਫ਼ਾਰਸੀ ਭਾਸ਼ਾ ਅਤੇ ਪੰਜਾਬੀ ਸਾਹਿਤ ਪੜ੍ਹਾਇਆ। 1940 ਈ. ਵਿੱਚ ਉਹ ***ਸਿੱਖ ਨੈਸ਼ਨਲ ਕਾਲਜ*** ਲਾਹੌਰ ਵਿਖੇ ਲੈਕਚਰਾਰ ਲੱਗੇ। 1970-1974 ਤੱਕ ***ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ*** ਵਿਖੇ ਪ੍ਰੋਫ਼ੈਸਰ ਐਮੀਰੀਟਸ ਵਜੋਂ ਕੰਮ ਕਰਦੇ ਰਹੇ।




# ਸਿੱਖ ਨੈਸ਼ਨਲ ਕਾਲਜ ਲਾਹੌਰ






# ਪ੍ਰਮੁੱਖ ਰਚਨਾਵਾਂ









*ਇਸ ਤੋਂ ਬਿਨਾਂ ਇਹਨਾਂ ਦੀਆਂ ਹੋਰ  ਰਚਨਾਵਾਂ ਹੇਠ ਲਿਖੀਆਂ ਹਨ:-*

**ਅਵਾਜ਼ਾਂ**
**ਵੱਡਾ ਵੇਲ਼ਾ**
**ਜੰਦਰੇ**
**ਜੈ ਮੀਰ**
**ਬੂਹੇ**
**ਸੁੰਭੜਾ**

ਉਨ੍ਹਾਂ ਨੇ ਪੰਜਾਬੀ ਜੀਵਨ ਦੇ ਹਰੇਕ ਪੱਖ ਤੇ ਕਵਿਤਾ ਲਿਖੀ। ਉਨ੍ਹਾਂ ਨੇ ਕੁੱਝ ਰਚਨਾਵਾਂ ਦਾ ਅਨੁਵਾਦ ਵੀ ਕੀਤਾ ਅਤੇ ਕੁੱਝ ਕਹਾਣੀਆਂ ਵੀ ਲਿਖੀਆਂ। ਉਹ ਇੱਕ ***ਰੁਮਾਂਸਵਾਦੀ ਅਤੇ ਪ੍ਰਗਤੀਵਾਦੀ*** ਕਵੀ ਸਨ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿੱਚ ਨਿੱਜੀ ਰੰਗਣ ਹੈ। ਮੁੱਢਲੇ ਤੌਰ ਤੇ ਉਹ ਪ੍ਰੀਤ ਦੇ ਕਵੀ ਸਨ ਪਰੰਤੂ ਬਾਅਦ ਦੀਆਂ ਕਵਿਤਾਵਾਂ ਵਿੱਚ ਉਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨੂੰ ਅਪਣਾ ਲੈਂਦੇ ਹਨ।

"***ਕੁੜੀ ਪੋਠੋਹਾਰ ਦੀ***" ਕਵਿਤਾ ਉਹਨਾਂ ਦੁਆਰਾ ਲਿਖੀ ਗਈ ਤੇ ਇਹ ਉਹਨਾਂ ਦੀ ਕਾਫ਼ੀ ਪ੍ਰਸਿੱਧ ਕਵਿਤਾ ਹੈ।
ਉਨ੍ਹਾਂ ਨੂੰ "***ਵੱਡਾ ਵੇਲਾ***" ਕਾਵਿ- ਸੰਗ੍ਰਿਹ 1959 ਲਈ ਈ. ਵਿੱਚ ਸਾਹਿਤਯ ਅਕਾਦਮੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ।

ਪ੍ਰੋ. ਮੋਹਨ ਸਿੰਘ ਦਾ ਆਧੁਨਿਕ ਪੰਜਾਬੀ ਕਵਿਤਾ ਦੇ ਪੜਾਅ ਵਿੱਚ ਪ੍ਰਮੁੱਖ ਸਥਾਨ ਹੈ। ਉਨ੍ਹਾਂ ਨੇ "***ਗਦ- ਪਦ ਰਚਨਾ***" ਨਾਮਕ ਪੁਸਤਕ ਲਿਖੀ ਜਿਸ ਵਿੱਚ ਪੰਜਾਬੀ ਭਾਸ਼ਾ ਅਤੇ ਕਵਿਤਾ ਦੇ ਵਿਆਕਰਨ ਬਾਰੇ ਜਾਣਕਾਰੀ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਇੱਕ ਫ਼ਰਮ "***ਹਿੰਦ ਪਬਲਿਸ਼ਰਜ਼***" ਸ਼ੁਰੂ ਕੀਤੀ ਜੋ ਕਿ ਪੰਜਾਬੀ ਸਾਹਿਤ ਸੰਬੰਧੀ ਪੁਸਤਕਾਂ ਪ੍ਰਕਾਸ਼ਿਤ ਕਰਦੀ ਸੀ। 1939 ਈ. ਵਿੱਚ ਉਨ੍ਹਾਂ ਨੇ ਆਪਣੇ ਪੰਜਾਬੀ ਮਾਸਿਕ ਮੈਗਜ਼ੀਨ "ਪੰਜ ਦਰਿਆ" ਵੀ ਸ਼ੁਰੂ ਕੀਤਾ।
ਇਹਨਾਂ ਦੀ ਮੌਤ 3 ਮਈ 1978 ਨੂੰ ਲੁਧਿਆਣਾ ਵਿਖੇ ਹੋਈ।

ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੁਆਰਾ ਪ੍ਰੋ. ਮੋਹਨ ਸਿੰਘ ਦੀ ਯਾਦ ਵਿੱਚ ਹਰ ਸਾਲ ***ਪ੍ਰੋ. ਮੋਹਨ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਕਲਚਰਲ ਮੇਲਾ*** ਆਯੋਜਿਤ ਕੀਤਾ ਜਾਂਦਾ ਹੈ। ***ਪ੍ਰੋ. ਮੋਹਨ ਸਿੰਘ ਦੀ ਯਾਦ ਵਿੱਚ ਲੁਧਿਆਣਾ ਵਿਖੇ ਪ੍ਰੋ. ਮੋਹਨ ਸਿੰਘ ਯਾਦਗਾਰੀ ਚੌਂਕ ਬਣਾਇਆ ਗਿਆ ਹੈ।***



# ਪ੍ਰੋ. ਮੋਹਨ ਸਿੰਘ ਯਾਦਗਾਰੀ ਚੌਂਕ

